ਪੰਥ ਪ੍ਰਵਾਨਤ ਜਥੇਦਾਰ ਸਿਰ.ਫ ਪ੍ਰਚਾਰੀ ਹੀ ਨਹੀਂ ਸਗੋਂ ਆਚਾਰੀ ਵੀ ਹੋਣਾ ਚਾਹੀਦੈ

ਇੰਜੀ. ਪ੍ਰਿਤਪਾਲ ਸਿੰਘ ਜੇ.ਈ.

ਇਹ ਪ੍ਰਭਾਵ ਆਮ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਪੰਥ ਦੇ ਇਕ ਸਿਆਸੀ ਧੜੇ ਦੇ ਹਿਤ ਪਾਲਦੇ ਆ ਰਹੇ ਹਨ। ਗੱਲ ਸਿਰਫ਼ ਕਿਸੇ ਇਕ ਜਥੇਦਾਰ ਦੀ ਨਹੀਂ ਸਗੋਂ ਪਿਛਲੇ ਇਕ ਅਰਸੇ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਸਿੱਖਾਂ ਦੇ ਪੰਜਾਂ ਤਖ਼ਤਾਂ ਦੇ ਜਥੇਦਾਰ, ਪੰਥ ਦੇ ਸਰਬ ਪ੍ਰਵਾਨਤ ਜਥੇਦਾਰ ਹੋਣ ਦਾ ਮਾਣ ਹਾਸਲ ਨਹੀਂ ਕਰ ਸਕੇ। ਇਸ ਦਾ ਕਾਰਨ ਇਹ ਹੈ ਕਿ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ ਨਿਯਮ ਪੰਥਕ ਸਿਧਾਂਤਾਂ ਅਤੇ ਮਰਿਆਦਾ ਦੇ ਅਨੁਕੂਲ ਨਹੀਂ ਹਨ। ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ ਸਮੁੱਚੇ ਪੰਥ ਦੀ ਪ੍ਰਵਾਨਗੀ ਦੀ ਥਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਪੰਥ ਦੇ ਇਕ ਸਿਆਸੀ ਧੜੇ ਦੀ ਮਰਜ਼ੀ ਅਨੁਸਾਰ ਹੁੰਦੀ ਹੈ। ਜਥੇਦਾਰਾਂ ਦੀ ਨਿਯੁਕਤੀ ਵੇਲੇ ਪੰਥਕ ਸੇਵਾ, ਅਧਿਆਤਮਕ ਜੀਵਨ ਅਤੇ ਕੁਰਬਾਨੀ ਭਾਵਨਾ ਨਹੀਂ ਸਗੋਂ ਸਿਆਸੀ ਵਫ਼ਾਦਾਰੀ ਨੂੰ ਮੁੱਖ ਰਖਿਆ ਜਾਂਦਾ ਹੈ। ਇਸੇ ਕਾਰਨ ਹੀ ਤਖ਼ਤ ਸਾਹਿਬਾਨ ਦੇ ਜਥੇਦਾਰ ਸਮੁੱਚੇ ਪੰਥ ਦੀਆਂ ਭਾਵਨਾਵਾਂ 'ਤੇ ਪੂਰੇ ਨਹੀਂ ਉਤਰ ਰਹੇ। ਜੇਕਰ ਜਥੇਦਾਰ ਸਾਹਿਬਾਨ ਅਪਣੀ ਨਿਯੁਕਤੀ ਕਰਨ ਵਾਲੇ ਨਿਜ਼ਾਮ ਦੇ ਹਿਤ ਪਾਲਦੇ ਹਨ ਜਾਂ ਉਨ੍ਹਾਂ ਦੀ ਮਰਜ਼ੀ ਅਨੁਸਾਰ, ਪੰਥ ਦੇ ਕਿਸੇ ਧੜੇ ਨੂੰ ਖ਼ੁਸ਼ ਕਰਦੇ ਹਨ ਤਾਂ ਦੂਜੀਆਂ ਜਥੇਬੰਦੀਆਂ ਨਾਖ਼ੁਸ਼ ਹੋ ਜਾਂਦੀਆਂ ਹਨ। ਇਸ ਕਰ ਕੇ ਸਿੱਖ ਵਿਦਵਾਨ ਅਤੇ ਹੋਰ ਪ੍ਰਬੁੱਧ ਵਿਚਾਰਵਾਨ ਇਹ ਗੱਲ ਮਹਿਸੂਸ ਕਰਦੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਪੰਥ ਪ੍ਰਵਾਨਤ ਹੋਣਾ ਚਾਹੀਦਾ ਹੈ ਜਿਹੜਾ ਸਮੁੱਚੇ ਪੰਥ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੋਵੇ ਅਤੇ ਸਮੁੱਚੇ ਪੰਥ ਨੂੰ ਇਕ ਮੰਚ 'ਤੇ ਇਕੱਤਰ ਕਰ ਸਕਦਾ ਹੋਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਪੰਥ ਪ੍ਰਵਾਨਤ ਹੋਣ ਦੇ ਨਾਲ-ਨਾਲ ਉੱਚ ਆਚਰਣ ਅਤੇ ਆਚਾਰੀ ਜੀਵਨ ਦਾ ਧਾਰਨੀ ਵੀ ਹੋਣਾ ਚਾਹੀਦਾ ਹੈ। ਜਥੇਦਾਰਾਂ ਦੀ ਨਿਯੁਕਤੀ ਇਕ ਪਾਰਦਰਸ਼ੀ ਤਰੀਕੇ ਨਾਲ ਹੋਣੀ ਚਾਹੀਦੀ ਹੈ। ਜਥੇਦਾਰ ਕੇਵਲ ਪ੍ਰਚਾਰੀ ਨਹੀਂ ਸਗੋਂ ਆਚਾਰੀ ਵੀ ਹੋਣਾ ਬਹੁਤ ਜ਼ਰੂਰੀ ਹੈ।

ਅੱਜ ਸਾਡੇ ਸਿੱਖ ਪੰਥ ਵਿਚ ਧਾਰਮਕ ਅਹੁਦਿਆਂ 'ਤੇ ਬੈਠੇ ਬਹੁਤੇ ਲੋਕ ਸਿਰਫ਼ ਪ੍ਰਚਾਰੀ ਹਨ ਜਦਕਿ ਆਚਾਰ ਤੋਂ ਬਿਨਾਂ ਕਿਸੇ ਵੀ ਧਰਮ ਜਾਂ ਸਿਧਾਂਤ ਦਾ ਪ੍ਰਚਾਰ ਸਫ਼ਲ ਨਹੀਂ ਹੋ ਸਕਦਾ। ਪ੍ਰਚਾਰੀ ਲੋਕ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਇਸ ਜਗਤ ਦਾ ਉਧਾਰ ਕਰਨ ਖ਼ਾਤਰ ਮਨੁੱਖੀ ਜਾਮਾ ਧਾਰਨ ਕਰਨ ਵੇਲੇ ਵੀ ਬਹੁਤ ਸਨ। ਇਸੇ ਕਰ ਕੇ ਉਸ ਵੇਲੇ ਧਰਮ ਸਿਰਫ਼ ਪਖੰਡ, ਪਾਪ ਅਤੇ ਧੁੰਦੂਕਾਰੇ ਨਿਆਂਈ ਬਣ ਚੁਕਿਆ ਸੀ। ਅੱਜ ਵੀ ਸਿੱਖ ਪ੍ਰਚਾਰਕ ਗਿਆਨਵਾਨ ਤਾਂ ਬਹੁਤ ਹਨ ਪਰ ਇਹ ਗਿਆਨ ਉਨ੍ਹਾਂ ਦਾ ਅਨੁਭਵੀ ਨਹੀਂ ਸਗੋਂ 'ਚੁੰਚ ਗਿਆਨ' ਹੈ। ਅਨੁਭਵੀ ਗਿਆਨ ਅਤੇ ਪੜ੍ਹ ਕੇ ਹਾਸਲ ਕੀਤੇ ਗਿਆਨ ਵਿਚ ਬਹੁਤ ਅੰਤਰ ਹੁੰਦਾ ਹੈ। ਅਨੁਭਵੀ ਗਿਆਨ ਸਿਰਫ਼ ਆਚਾਰੀ ਮਨੁੱਖ ਨੂੰ ਹੀ ਹਾਸਲ ਹੋ ਸਕਦਾ ਹੈ ਜਦਕਿ 'ਚੁੰਚ ਗਿਆਨ' ਵਾਲੇ ਤਾਂ 15ਵੀਂ ਸਦੀ ਵਿਚ ਵੀ ਬਹੁਤ ਸਨ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਕੂੜ ਦੇ ਧੁੰਦੂਕਾਰੇ ਨੂੰ ਦੂਰ ਕਰਨ ਲਈ ਮਨੁੱਖੀ ਜਾਮੇ ਵਿਚ ਆਉਣਾ ਪਿਆ। ਉਸ ਵੇਲੇ ਵੀ ਪੰਡਤ, ਮੌਲਵੀ, ਅਵਾਮ ਨੂੰ ਬਹੁਤ ਉਸਾਰੂ ਅਤੇ ਪ੍ਰਭਾਵਸ਼ਾਲੀ ਉਪਦੇਸ਼ ਦੇ ਦਿੰਦੇ ਸਨ, ਪਰ ਉਨ੍ਹਾਂ ਦਾ ਆਚਾਰੀ ਜੀਵਨ ਨਹੀਂ ਸੀ। ਸ੍ਰੀ ਗੁਰੂ ਅਰਜਨ ਸਾਹਿਬ ਜੀ ਦੂਜਿਆਂ ਨੂੰ ਉਪਦੇਸ਼ ਦੇਣ ਵਾਲੇ ਅਜਿਹੇ ਕੇਵਲ ਪ੍ਰਚਾਰੀ ਲੋਕਾਂ ਬਾਰੇ ਫ਼ੁਰਮਾਨ ਕਰਦੇ ਹਨ:

'ਮੁਖ ਤੇ ਪੜਤਾ ਟੀਕਾ ਸਹਿਤ॥
ਹਿਰਦੈ ਰਾਮੁ ਨਹੀ ਪੂਰਨ ਰਹਤ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥
ਅਪਨਾ ਕਹਿਆ ਆਪਿ ਨ ਕਮਾਵੈ॥'

ਆਚਾਰੀ ਮਨੁੱਖ ਆਦਰਸ਼ਾਂ ਅਤੇ ਸਿਧਾਂਤਾਂ ਨੂੰ ਅਪਣੇ ਅਮਲੀ ਜੀਵਨ ਵਿਚ ਢਾਲਣ ਲਈ ਤਤਪਰ ਰਹਿੰਦਾ ਹੈ ਜਦਕਿ ਪ੍ਰਚਾਰੀ ਮਨੁੱਖ ਕੇਵਲ ਦੂਜਿਆਂ ਨੂੰ ਉਪਦੇਸ਼ ਸੁਣਾਉਣ ਤਕ ਹੀ ਸੀਮਤ ਰਹਿੰਦਾ ਹੈ। ਉਹ ਪ੍ਰਚਾਰ ਕੇਵਲ ਕਿਤਾਬੀ ਗਿਆਨ ਤੋਂ ਲੈ ਕੇ ਕਰਦਾ ਹੈ। ਉਹ ਆਦਰਸ਼ਾਂ ਨੂੰ ਅਪਣੇ ਜੀਵਨ ਵਿਚ ਅਪਨਾਉਣ ਦੀ ਕਦੇ ਨਹੀਂ ਸੋਚਦਾ। ਇਹੀ ਕਾਰਨ ਹੈ ਕਿ ਅੱਜ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਏਨਾ ਜ਼ਿਆਦਾ ਜ਼ੋਰ ਲਾਉਣ ਦੇ ਬਾਵਜੂਦ ਇਹ ਪ੍ਰਚਾਰ ਅਸਰਦਾਰ ਸਾਬਤ ਨਹੀਂ ਹੋ ਰਿਹਾ। ਅੱਜ ਸਾਡੇ ਧਰਮ ਦੇ ਪ੍ਰਚਾਰਕ ਵੀ ਨਿਰੇ-ਪੁਰੇ ਪ੍ਰਚਾਰੀ ਹਨ ਪਰ ਆਚਾਰ ਪੱਖੋਂ ਉਹ ਕਮਜ਼ੋਰ ਹਨ। ਅੱਜ ਤੋਂ ਕੁੱਝ ਸਾਲ ਪਹਿਲਾਂ ਸਿੱਖਾਂ ਦੀ ਕੁੱਲ ਆਬਾਦੀ ਲਗਭਗ 2 ਕਰੋੜ ਦੱਸੀ ਜਾਂਦੀ ਸੀ ਪਰ ਅੱਜ ਇਹ ਆਬਾਦੀ ਵਧਣ ਦੀ ਥਾਂ ਘੱਟ ਕੇ ਇਕ ਕਰੋੜ 33 ਲੱਖ ਦੇ ਲਗਪਗ ਰਹਿ ਗਈ ਹੈ। ਅਜੋਕੀ ਸਿੱਖ ਨੌਜਵਾਨੀ ਸਿੱਖੀ ਤੋਂ ਬੇਮੁੱਖ ਹੋ ਕੇ ਰਸਾਤਲ ਵਲ ਜਾ ਰਹੀ ਹੈ। ਨੌਜਵਾਨੀ ਗੁਰੂ ਆਸ਼ੇ 'ਤੇ ਚੱਲਣ ਦੀ ਥਾਂ ਨਸ਼ਾਖ਼ੋਰੀ, ਪਤਿਤਪੁਣਾ ਅਤੇ ਅਨਮਤੀ ਰੁਝਾਨਾਂ ਵਿਚ ਗ੍ਰਸਤ ਹੋ ਕੇ ਰਹਿ ਗਈ ਹੈ। ਸਿੱਖ ਅਵਾਮ ਵੀ ਗੁਰਮਤਿ ਮਾਰਗ 'ਤੇ ਚਲਣ ਦੀ ਥਾਂ ਕਰਮ-ਕਾਂਡਾਂ, ਅੰਧ ਵਿਸ਼ਵਾਸਾਂ ਅਤੇ ਮਨਮਤੀ ਕਰਮਾਂ ਵਿਚ ਉਲਝੇ ਹੋਏ ਹਨ। ਅਜਿਹਾ ਨਹੀਂ ਹੈ ਕਿ ਸਿੱਖ ਧਰਮ ਦਾ ਪ੍ਰਚਾਰ ਨਹੀਂ ਹੋ ਰਿਹਾ। ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਬਹੁਕਰੋੜੀ ਬਜਟ ਵਿਚੋਂ ਸੱਭ ਤੋਂ ਵੱਡਾ ਹਿੱਸਾ ਹਰ ਸਾਲ ਧਰਮ ਪ੍ਰਚਾਰ ਲਈ ਹੀ ਰਾਖਵਾਂ ਹੁੰਦਾ ਹੈ। ਇਸ ਤੋਂ ਇਲਾਵਾ ਅਨੇਕਾਂ ਟਕਸਾਲਾਂ, ਜਥੇਬੰਦੀਆਂ, ਸੰਪਰਦਾਵਾਂ ਅਤੇ ਹਰ ਸਿੱਖ ਸਭਾ ਸੁਸਾਇਟੀਆਂ ਵੀ ਦਿਨ-ਰਾਤ ਸਿੱਖੀ ਪ੍ਰਚਾਰ 'ਤੇ ਜ਼ੋਰ ਦੇ ਰਹੀਆਂ ਹਨ। ਪਰ ਅਜੋਕਾ ਸਿੱਖ ਅਵਾਮ ਅਤੇ ਨੌਜਵਾਨ ਪੀੜ੍ਹੀ ਪ੍ਰਚਾਰ ਤੋਂ ਪ੍ਰਭਾਵਿਤ ਹੋਣ ਦੀ ਥਾਂ ਸਿੱਖੀ ਤੋਂ ਹੋਰ ਜ਼ਿਆਦਾ ਦੂਰ ਜਾ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਅੱਜ ਦੇ ਸਿੱਖ ਪ੍ਰਚਾਰਕਾਂ ਵਿਚੋਂ ਅਵਾਮ ਨੂੰ ਉਨ੍ਹਾਂ ਆਦਰਸ਼ਾਂ ਤੇ ਸਿਧਾਂਤਾਂ ਦਾ ਅਮਲੀ ਝਲਕਾਰਾ ਨਹੀਂ ਮਿਲਦਾ, ਜਿਨ੍ਹਾਂ ਦਾ ਉਨ੍ਹਾਂ ਦੇ ਮੂੰਹੋਂ ਬਹੁਤ ਖ਼ੂਬਸੂਰਤ ਵਖਿਆਨ ਸੁਣਦੇ ਹਨ। ਅਜੋਕੇ ਪ੍ਰਚਾਰਕਾਂ ਦਾ ਅਮਲ ਤੋਂ ਸਖਣਾ ਜੀਵਨ ਦੇਖ ਕੇ ਅਛੋਪਲੇ ਹੀ ਸਿੱਖ ਨੌਜਵਾਨ ਅਤੇ ਸਿੱਖ ਸਮਾਜ ਬੇਮੁਖਤਾਈ ਵਲ ਵਧਦਾ ਜਾ ਰਿਹਾ ਹੈ ਕਿਉਂਕਿ ਅਜੋਕਾ ਪ੍ਰਚਾਰਕ ਉਸ ਨੂੰ ਮੁੱਖ ਤੋਂ ਹੋਰ ਅਤੇ ਮਨ ਤੋਂ ਹੋਰ ਜਾਪਦਾ ਹੈ।

ਸਿੱਖ ਸਿਧਾਂਤਾਂ ਦਾ ਪ੍ਰਚਾਰ-ਪ੍ਰਸਾਰ ਕਰਨ ਦੀ ਇਖ਼ਲਾਕੀ ਜ਼ਿੰਮੇਵਾਰੀ ਵਾਲੀਆਂ ਸਾਡੀਆਂ ਸਿੱਖ ਸੰਸਥਾਵਾਂ ਖ਼ੁਦ ਹੀ ਸਿੱਖ ਸਿਧਾਂਤਾਂ ਤੋਂ ਬਹੁਤ ਦੂਰ ਜਾ ਰਹੀਆਂ ਹਨ। ਸਾਡੇ ਸਿੱਖ ਧਰਮ ਵਿਚ ਜਾਤ-ਪਾਤ ਲਈ ਕੋਈ ਥਾਂ ਨਹੀਂ ਹੈ। ਅਸੀ ਇਹ ਅੱਜ ਬਹੁਤ ਮਾਣ ਨਾਲ ਆਖਦੇ ਹਾਂ ਕਿ ਸਿੱਖ ਧਰਮ ਹੀ ਦੁਨੀਆਂ ਦਾ ਇਕੋ-ਇਕ ਅਜਿਹਾ ਧਰਮ ਹੈ ਜਿਸ ਵਿਚ ਜਾਤ-ਪਾਤ, ਨਸਲ, ਦੇਸ਼ ਦੇ ਵਿਤਕਰੇ ਦੀ ਥਾਂ ਸਾਰੀ ਮਨੁੱਖਤਾ ਨੂੰ ਬਰਾਬਰੀ ਦਾ ਦਰਜਾ ਦਿਤਾ ਗਿਆ ਹੈ। ਪਰ ਦੂਜੇ ਪਾਸੇ, ਸਾਡੇ ਸਮੂਹਕ ਜੀਵਨ ਵਿਚ ਇਹ ਧਾਰਣਾ ਕਿਧਰੇ ਵੀ ਵਿਖਾਈ ਨਹੀਂ ਦਿੰਦੀ। ਅੱਜ ਸਾਡੀਆਂ ਬਹੁਤੀਆਂ ਸੰਪਰਦਾਵਾਂ ਵਿਚ ਪ੍ਰੰਪਰਾਵਾਂ ਦੇ ਨਾਂ 'ਤੇ ਜਾਤ-ਪਾਤ ਏਨੀ ਜਟਿਲ ਰੂਪ ਵਿਚ ਧਸੀ ਹੋਈ ਹੈ ਕਿ ਕੋਈ ਵੀ ਇਸ ਬਾਰੇ ਬੋਲਦਾ ਨਹੀਂ। ਇਹ ਸਾਡੇ 'ਤੇ ਇਕ ਬਹੁਤ ਬਦਨੁਮਾ ਦਾਗ਼ ਹੈ ਕਿ ਅਸੀ ਇਕ ਪਾਸੇ ਤਾਂ ਇਹ ਦਾਅਵੇ ਕਰਦੇ ਹਾਂ ਕਿ ਗੁਰੂ ਸਾਹਿਬਾਨ ਨੇ ਸਾਨੂੰ ਜਾਤ-ਪਾਤ ਦੇ ਭੇਦ ਤੋਂ ਰਹਿਤ ਸਮਾਜ ਸਿਰਜ ਕੇ ਦਿਤਾ ਪਰ ਦੂਜੇ ਪਾਸੇ, ਸਿੱਖ ਪੰਥ ਦੀਆਂ ਬਹੁਤ ਸਾਰੀਆਂ ਨਿਹੰਗ ਸਿੰਘ ਸੰਪਰਦਾਵਾਂ ਅਤੇ ਹੋਰ ਜਥੇਬੰਦੀਆਂ ਵਿਚ ਸਿੱਖ ਹੀ ਸਿੱਖ ਨਾਲ ਜਾਤੀ ਵਿਤਕਰਾ ਕਰ ਰਿਹਾ ਹੈ। ਅਖੌਤੀ ਮਨੂਵਾਦੀ ਸੋਚ ਵਿਚ ਜਿਨ੍ਹਾਂ ਨੂੰ ਨੀਵੀਂ ਜਾਤ ਵਾਲੇ ਦਸਿਆ ਗਿਆਸੀ, ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਮਾਣ ਦਿਤਾ ਸੀ:

'ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ
ਨਹੀ ਮੋ ਸੇ ਗਰੀਬ ਕਰੋਰ ਪਰੇ ਹੈਂ॥'

ਪਰ ਅੱਜ ਸਾਡੀਆਂ ਸੰਪਰਦਾਵਾਂ ਵਿਚ ਉਨ੍ਹਾਂ ਲੋਕਾਂ ਨੂੰ 'ਚੌਥੇ ਪਉੜ' ਕਹਿ ਕੇ ਦੁਰਕਾਰਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਮਨੂਵਾਦੀ ਪ੍ਰੰਪਰਾ ਅਨੁਸਾਰ ਹੀ ਸਾਂਝੀ ਪੰਗਤ ਵਿਚ ਨਹੀਂ ਬੈਠਣ ਦਿਤਾ ਜਾਂਦਾ। ਉਨ੍ਹਾਂ ਨੂੰ ਲੰਗਰ ਬਣਾਉਣ ਦੀ ਸੇਵਾ ਨਹੀਂ ਕਰਨ ਦਿਤੀ ਜਾਂਦੀ। ਉਨ੍ਹਾਂ ਲੋਕਾਂ ਨੂੰ ਵਖਰੇ ਬਾਟੇ ਵਿਚ ਅੰਮ੍ਰਿਤ ਛਕਾਇਆ ਜਾਂਦਾ ਹੈ। ਹੋਰ ਤਾਂ ਹੋਰ ਸਾਡੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੀ ਵਿਧਾਨਕ ਤੌਰ 'ਤੇ ਜਾਤ-ਪਾਤ ਦੇ ਨਾਂ 'ਤੇ ਰਾਖਵੀਆਂ ਸੀਟਾਂ ਰਖੀਆਂ ਜਾਂਦੀਆਂ ਹਨ। ਦਸਮ ਪਾਤਿਸ਼ਾਹ ਨੇ ਤਾਂ ਅਜਿਹਾ ਫ਼ੁਰਮਾਨ ਕੀਤਾ ਸੀ ਕਿ ਜਿਹੜਾ ਸਿੱਖ, ਸਿੱਖ ਦੀ ਜਾਤ ਪੁੱਛੇ, ਉਹ ਤਨਖ਼ਾਹੀਆ ਹੋਵੇਗਾ, ਪਰ ਅੱਜ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਜਾਤ-ਪਾਤ ਲਿਖ ਕੇ ਰਾਖਵੇਂ ਹਲਕੇ ਰੱਖੇ ਜਾਂਦੇ ਹਨ। ਕਿਸੇ ਵੀ ਪ੍ਰਚਾਰਕ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ **'ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥'** ਦੇ ਸਿਧਾਂਤ ਅਨੁਸਾਰ, ਇਸ ਗੁਰਮਤਿ ਵਿਰੋਧੀ ਵਰਤਾਰੇ ਦਾ ਵਿਰੋਧ ਨਹੀਂ ਕੀਤਾ ਸਗੋਂ ਕਈ 'ਤੱਤ ਗੁਰਮਤਿ' ਦੇ ਪ੍ਰਚਾਰਕ ਹੋਣ ਦੇ ਦਾਅਵੇ ਕਰਨ ਵਾਲਿਆਂ ਨੇ ਖ਼ੁਦ ਜਾਤ-ਪਾਤ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਵਿਚ ਰਾਖਵੀਆਂ ਟਿਕਟਾਂ ਹਾਸਲ ਕੀਤੀਆਂ ਅਤੇ ਸਾਰੀ ਉਮਰ ਜਿਨ੍ਹਾਂ ਸਿਧਾਂਤਾਂ 'ਤੇ ਚੱਲਣ ਦਾ ਪ੍ਰਚਾਰ ਕਰਦਿਆਂ ਉਹ ਅਜੋਕੀ ਸਿਧਾਂਤ ਵਿਹੂਣੀ ਅਤੇ ਭ੍ਰਿਸ਼ਟ ਰਾਜਨੀਤੀ ਜਿਨ੍ਹਾਂ ਸਿਧਾਂਤਾਂ 'ਤੇ ਚੱਲਣ ਦਾ ਪ੍ਰਚਾਰ ਕਰਦਿਆਂ ਉਹ ਅਜੋਕੀ ਸਿਧਾਂਤ ਵਿਹੂਣੀ ਅਤੇ ਭ੍ਰਿਸ਼ਟ ਰਾਜਨੀਤੀ ਨੂੰ ਨਿੰਦਦੇ ਸਨ, ਉਨ੍ਹਾਂ ਹੀ ਲੀਹਾਂ 'ਤੇ ਚੱਲ ਕੇ ਖ਼ੁਦ ਵੋਟਾਂ ਹਾਸਲ ਕਰਨ ਲਈ ਸਿਧਾਂਤਾਂ ਤੋਂ ਬੇਮੁੱਖ ਹੋ ਗਏ।

ਅਜਿਹੀ ਸਿਧਾਂਤਹੀਣ ਰਾਜਨੀਤੀ ਵਿਚ ਅਸੂਲਾਂ ਨੂੰ ਛਿੱਕੇ ਟੰਗ ਕੇ ਅਨੈਤਿਕ ਹਰਬਿਆਂ ਦੁਆਰਾ ਹਾਸਲ ਕੀਤੀ ਜਿੱਤ ਕਿਸੇ ਸਿਆਸਤਦਾਨ ਨੂੰ ਤਾਂ ਮੁਬਾਰਕ ਆਖੀ ਜਾ ਸਕਦੀ ਹੈ, ਪਰ ਘੱਟੋ-ਘੱਟ ਇਕ ਆਦਰਸ਼ਵਾਦੀ ਅਤੇ ਸਿਧਾਂਤਾਂ ਦੇ ਝੰਡਾਬਰਦਾਰ ਲੋਕਾਂ ਨੂੰ ਨਹੀਂ ਸ਼ੋਭਦੀ। ਸੋ, ਅੱਜ ਸਿੱਖ ਪੰਥ ਦੇ ਜਥੇਦਾਰ ਦੀ ਸਿਰਫ਼ ਪੰਥ ਪ੍ਰਵਾਨਤ ਹੋਣ ਨਾਲ ਹੀ ਗੱਲ ਨਹੀਂ ਬਣਨੀ ਸਗੋਂ ਇਸ ਨਾਲ ਆਚਾਰੀ ਜੀਵਨ ਵਾਲੇ ਵੀ ਹੋਣੇ ਚਾਹੀਦੇ ਹਨ ਤਾਂ ਜੋ ਸਿੱਖ ਕੌਮ ਉਨ੍ਹਾਂ ਦੇ ਅਮਲੀ ਅਤੇ ਆਦਰਸ਼ਕ ਜੀਵਨ ਤੋਂ ਸੇਧ ਹਾਸਲ ਕਰ ਸਕੇ।

ਗਰਿਡ ਉਸਾਰੀ ਮੰਡਲ, ਮਲੇਰਕੋਟਲਾ।
ਮੋਬਾਈਲ : 96461-24623

ਜਦੋਂ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ

ਡਾ. ਹਰਚੰਦ ਸਿੰਘ ਸਰਹਿੰਦੀ

ਸਰਹਿੰਦ ਦਾ ਨਾਂ ਸੁਣਦਿਆਂ ਹੀ ਪੰਜਾਬ ਦੇ ਇਤਿਹਾਸ ਦਾ ਇਕ ਲਹੂ-ਭਿਜਿਆ ਕਾਂਡ ਸਾਡੇ ਜ਼ਿਹਨ ਵਿਚ ਉਭਰ ਆਉਂਦਾ ਹੈ। ਸਰਹਿੰਦ ਦੀ ਖ਼ੂਨੀ ਦੀਵਾਰ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਚਿਣਵਾਏ ਜਾਣ ਦਾ ਦ੍ਰਿਸ਼ ਇਕਦਮ ਸਾਡੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ। ਸਿਰ ਸਿਜਦੇ ਵਿਚ ਝੁਕ ਜਾਂਦਾ ਹੈ।... ਫਿਰ ਇਸ ਦੁਖਾਂਤ ਤੋਂ ਉਪਜਿਆ ਦਰਦ, ਜੋ ਸਾਨੂੰ ਪੀੜ੍ਹੀ ਦਰ ਪੀੜ੍ਹੀ ਵਿਰਾਸਤ ਵਿਚ ਮਿਲਦਾ ਹੈ, ਇਕ ਲੰਮਾ ਹਉਕਾ ਬਣ ਕੇ ਹਿੱਕ ਨੂੰ ਚੀਰਦਾ ਹੋਇਆ ਬਾਹਰ ਨਿਕਲ ਜਾਂਦਾ ਹੈ। ਇਸ ਤੋਂ ਬਾਅਦ ਅੱਖਾਂ ਸਾਹਮਣੇ ਤਸਵੀਰ ਉਭਰਦੀ ਹੈ ਬਾਬਾ ਬੰਦਾ ਸਿੰਘ ਬਹਾਦਰ ਦੀ ਅਤੇ ਨਾਲ ਹੀ ਘਮਾਸਾਨ ਵਾਪਰਨ ਲਗਦਾ ਹੈ। ਇਸ ਘਮਾਸਾਨ ਵਿਚ ਸਾਕਾ ਸਰਹਿੰਦ ਦਾ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖ਼ਾਂ ਮਾਰਿਆ ਜਾਂਦਾ ਹੈ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਦੀ ਪ੍ਰਤੀਤ ਹੁੰਦੀ ਹੈ।

ਗੱਲ ਕੀ, ਬੰਦਾ ਸਿੰਘ ਬਹਾਦਰ ਵਲੋਂ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਦੀ ਘਟਨਾ ਅਤੇ ਸਾਕਾ ਸਰਹਿੰਦ ਦਾ ਆਪਸ ਵਿਚ ਬੜਾ ਨੇੜਲਾ ਤੇ ਅਟੁੱਟ ਰਿਸ਼ਤਾ ਹੈ ਕਿਉਂਕਿ ਸਾਕਾ ਸਰਹਿੰਦ ਦੇ ਪ੍ਰਤੀਕਰਮ ਵਜੋਂ ਹੀ ਬੰਦਾ ਸਿੰਘ ਬਹਾਦਰ, ਸੂਬਾ ਸਰਹਿੰਦ ਨੂੰ ਲੋਹੇ ਦਾ ਸੁਹਾਗਾ ਬਣ ਕੇ ਟਕਰਿਆ ਅਤੇ ਉਸ ਨੂੰ ਮਿੱਟੀ ਵਿਚ ਮਿਲਾ ਦਿਤਾ। ਕਿਸੇ ਕਵੀ ਨੇ ਖ਼ੂਬ ਕਿਹਾ ਹੈ, "ਬੰਦਾ ਲੋਹੇ ਦਾ ਸੁਹਾਗਾ ਸੁਥਿਆ, ਤੇਰੀ ਦੇਵੇਂਗਾ ਓਇ ਅਲਖ ਮੁਕਾ।" ਪ੍ਰਸਿੱਧ ਉਰਦੂ ਸ਼ਾਇਰ ਅੱਲਾ ਯਾਰ ਖ਼ਾਂ ਜੋਗੀ ਵੀ ਸਰਹਿੰਦ ਦੀ ਜਿੱਤ ਨੂੰ ਸਾਕਾ ਸਰਹਿੰਦ ਦਾ ਹੀ ਸਿੱਧਾ ਪ੍ਰਤੀਕਰਮ ਦਸਦਾ ਹੈ। ਸ਼ਿਅਰ ਹੈ:

'ਜੋਗੀ ਜੀ' ਇਸ (ਸਾਕਾ ਸਰਹਿੰਦ) ਕੇ ਬਾਅਦ ਹੁਈ ਥੋੜੀ ਦੇਰ ਥੀ।
ਬਸਤੀ ਸਰਹਿੰਦ ਸ਼ਹਿਰ ਕੀ, ਈਂਟੋ ਦਾ ਢੇਰ ਥੀ।

ਦਰਅਸਲ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦਿਲ ਕੰਬਾਊ ਘਟਨਾ ਨੇ ਸਿੱਖ ਮਾਨਸਕਤਾ 'ਤੇ ਡੂੰਘਾ ਪੱਛ ਮਾਰਿਆ। ਬੇਸ਼ੱਕ ਗੁਰੂ ਗੋਬਿੰਦ ਸਿੰਘ ਜੀ ਅਡੋਲ ਰਹੇ ਪਰ ਉਨ੍ਹਾਂ ਨੇ ਦੋਸ਼ੀ ਨੂੰ ਉਸ ਦੇ ਪਾਪ ਦੀ ਸਜ਼ਾ ਦੇਣ ਦਾ ਨਿਸ਼ਚਾ ਕਰ ਲਿਆ ਸੀ। ਉਧਰ, ਸਿੱਖਾਂ ਦੇ ਮਨਾਂ ਅੰਦਰ ਵੀ ਸਮੇਂ ਦੀ ਹਕੂਮਤ ਵਿਰੁਧ ਗ਼ੁੱਸੇ ਅਤੇ ਨਫ਼ਰਤ ਦੀ ਅੱਗ ਭੜਕ ਉਠੀ ਸੀ।



ਮੌਕਾ ਮਿਲਦਿਆਂ ਹੀ, ਗੁਰੂ ਸਾਹਿਬ ਨੇ ਸਿੱਖਾਂ ਦੀ ਰਹਿਨੁਮਾਈ ਕਰਨ ਲਈ 3 ਸਤੰਬਰ, 1708 ਨੂੰ ਨਾਂਦੇੜ ਵਿਖੇ ਬੜੇ ਨਾਟਕੀ ਢੰਗ ਨਾਲ ਬੰਦਾ ਸਿੰਘ ਬਹਾਦਰ ਦੀ ਚੋਣ ਕੀਤੀ। ਗੁਰੂ ਸਾਹਿਬ ਨੇ ਬੰਦਾ ਸਿੰਘ ਬਹਾਦਰ (ਉਦੋਂ ਮਾਧੋ ਦਾਸ) ਨੂੰ ਅੰਮ੍ਰਿਤ ਛਕਾ ਕੇ 'ਬਹਾਦਰ' ਦਾ ਖ਼ਿਤਾਬ ਦੇ ਕੇ, ਪੰਜ ਪਿਆਰਿਆਂ ਦੀ ਅਗਵਾਈ ਹੇਠ ਪੰਜਾਬ ਵਲ ਕੂਚ ਕਰਨ ਦਾ ਹੁਕਮ ਦਿਤਾ। ਬਾਬਾ ਬੰਦਾ ਸਿੰਘ ਬਹਾਦਰ, ਅਕਤੂਬਰ, 1708 ਦੇ ਆਸ-ਪਾਸ ਪੰਜਾਬ ਲਈ ਰਵਾਨਾ ਹੋਇਆ।

ਦਿੱਲੀ ਪਹੁੰਚਣ ਤਕ ਉਸ ਨਾਲ ਕੇਵਲ ਗਿਣਤੀ ਦੇ ਸਿੰਘ ਸਨ। ਦਿੱਲੀ ਟਪਦਿਆਂ ਹੀ, ਗੁਰੂ ਸਾਹਿਬ ਦੇ ਹੁਕਮਨਾਮਿਆਂ ਅਤੇ ਬੰਦਾ ਸਿੰਘ ਬਹਾਦਰ ਦੀ ਚੁੰਬਕੀ ਖਿੱਚ ਕਾਰਨ, ਮਾਲਵਾ ਖੇਤਰ ਦੇ ਲਿਤਾੜੇ ਹੋਏ ਹਲਵਾਹਕ ਵੱਡੀ ਗਿਣਤੀ ਵਿਚ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। "ਛੇਤੀ ਹੀ ਪੈਦਲ ਸੈਨਿਕਾਂ ਦੀ ਗਿਣਤੀ 8,900 ਹੋ ਗਈ ਅਤੇ ਅੰਤ 40,000 ਤਕ ਪਹੁੰਚ ਗਈ।" (ਡਾ. ਗੋਕਲ ਚੰਦ ਨਾਰੰਗ)। ਘੋੜ ਸਵਾਰ ਸੈਨਿਕਾਂ ਦੀ ਗਿਣਤੀ ਬਾਰੇ ਮੁਹੰਮਦ ਕਾਸਮ ਲਿਖਦਾ ਹੈ ਕਿ 'ਥੋੜੇ ਅਰਸੇ ਦੌਰਾਨ ਹੀ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ 4 ਹਜ਼ਾਰ ਘੋੜ ਸਵਾਰ ਇਕੱਠੇ ਹੋ ਗਏ।"

ਬੰਦਾ ਸਿੰਘ ਬਹਾਦਰ ਦਾ ਸਿਦਕ, ਜੋਸ਼, ਹੌਸਲਾ ਤੇ ਗਤੀ ਬੇਮਿਸਾਲ ਸੀ। ਉਹ ਜਿਧਰ ਨੂੰ ਵੀ ਟੁਰਿਆ, ਰਸਤਾ ਅਪਣੇ ਆਪ ਬਣਦਾ ਗਿਆ। ਸੋਨੀਪਤ, ਕੈਥਲ, ਸਮਾਣਾ, ਘੁੜਾਮ, ਠਸਕਾ, ਮੁਸਤਫ਼ਾਬਾਦ, ਕਪੂਰੀ, ਸਢੌਰਾ ਤੇ ਬਨੂੜ ਨੂੰ ਫ਼ਤਹਿ ਕਰਨ ਉਪ੍ਰੰਤ ਸਿੱਖ, ਅਪਣੇ ਮੁੱਖ ਨਿਸ਼ਾਨੇ- ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਖਰੜ ਅਤੇ ਬਨੂੜ ਵਿਚਕਾਰ ਸਿੱਖਾਂ ਦਾ ਇਕ ਸ਼ਕਤੀਸ਼ਾਲੀ ਜੱਥਾ, ਜੋ ਕੀਰਤਪੁਰ ਵਲੋਂ ਜਿੱਤਾਂ ਪ੍ਰਾਪਤ ਕਰਦਾ ਆ ਰਿਹਾ ਸੀ, ਬੰਦਾ ਸਿੰਘ ਬਹਾਦਰ ਦੇ ਦਲ ਨਾਲ ਆ ਰਲਿਆ। ਸਿੱਖਾਂ ਦੇ ਹੌਸਲੇ ਹੋਰ ਬੁਲੰਦ ਹੋ ਗਏ ਅਤੇ ਸੂਬਾ ਸਰਹਿੰਦ ਨਾਲ ਉਚੇਚੇ ਤੌਰ 'ਤੇ ਸਿੱਝਣ ਲਈ ਉਨ੍ਹਾਂ ਨੇ ਚੱਪੜਚਿੜੀ ਦਾ ਮੈਦਾਨ ਆ ਮਲਿਆ ਪਰ ਬੰਦਾ ਸਿੰਘ ਬਹਾਦਰ ਲਈ ਇਹ ਇਮਤਿਹਾਨ ਦੀ ਘੜੀ ਸੀ। ਹੁਣ ਉਹ ਇਕ ਸ਼ਕਤੀਸ਼ਾਲੀ ਫ਼ੌਜ ਨਾਲ ਸਾਹਮਣਿਉਂ ਟੱਕਰ ਲੈ ਰਿਹਾ ਸੀ ਜਿਸ ਦੀ ਕਮਾਂਡ ਇਕ ਸੁਲਝਿਆ ਹੋਇਆ ਪਠਾਨ ਜਰਨੈਲ ਸੂਬੇਦਾਰ ਵਜ਼ੀਰ ਖ਼ਾਂ ਕਰ ਰਿਹਾ ਸੀ।

ਸੂਬੇਦਾਰ ਵਜ਼ੀਰ ਖ਼ਾਂ, ਲਗਭਗ 20 ਹਜ਼ਾਰ ਪੈਦਲ, ਘੋੜ-ਸਵਾਰ ਸੈਨਿਕਾਂ, ਵੱਡੀ ਗਿਣਤੀ ਵਿਚ ਤੋਪਾਂ ਤੇ ਹਾਥੀ ਲੈ ਕੇ ਸਿੱਖਾਂ ਦੇ ਤੂਫ਼ਾਨ ਨੂੰ ਰੋਕਣ ਲਈ ਅੱਗੇ ਵਧਿਆ। ਬਹੁਤ ਸਾਰੀਆਂ ਜੰਗਾਂ ਦੇ ਜੇਤੂ ਵਜ਼ੀਰ ਖ਼ਾਂ ਨੇ ਇਕ ਪਾਸੇ ਤੋਪਾਂ ਬੀੜ ਦਿਤੀਆਂ। ਦੂਜੇ ਪਾਸੇ ਕੰਧ ਵਾਂਗ ਹਾਥੀ ਖੜੇ ਕਰ ਦਿਤੇ। ਤੀਜੇ ਪਾਸੇ ਨਵਾਬਾਂ ਦੀ ਫ਼ੌਜ ਖੜੀ ਕਰ ਦਿਤੀ ਅਤੇ ਚੌਥੇ ਪਾਸੇ ਅਪਣੇ ਆਲੇ-ਦੁਆਲੇ ਛੋਟੀਆਂ ਤੋਪਾਂ ਬੀੜ ਕੇ, ਆਪ ਗਾਜ਼ੀਆਂ ਦੇ ਵਿਚਕਾਰ ਇਕ ਹਾਥੀ ਉਤੇ ਚੜ੍ਹ ਗਿਆ। ਗੌਰਤਲਬ ਹੈ ਕਿ ਬੰਦਾ ਸਿੰਘ ਬਹਾਦਰ ਕੋਲ ਨਾ ਕੋਈ ਤੋਪਖਾਨਾ ਸੀ ਅਤੇ ਨਾ ਹੀ ਹਾਥੀ ਸਨ। ਇਥੋਂ ਤਕ ਕਿ ਚੰਗੇ ਘੋੜੇ ਵੀ ਕਾਫ਼ੀ ਗਿਣਤੀ ਵਿਚ ਨਹੀਂ ਸਨ। ਸਿੰਘਾਂ ਕੋਲ ਕੇਵਲ ਲੰਬੇ ਨੇਜ਼ੇ, ਤੀਰ ਅਤੇ ਤਲਵਾਰਾਂ ਹੀ ਸਨ ਪਰ ਸਿਦਕ ਉਨ੍ਹਾਂ ਦੇ ਹੱਡੀਂ ਰਚਿਆ ਹੋਇਆ ਸੀ।

12 ਮਈ, 1710 ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚਪੜਚਿੜੀ ਦੇ ਮੈਦਾਨ ਵਿਚ ਇਕ ਫ਼ੈਸਲਾਕੁਨ ਯੁੱਧ ਹੋਇਆ। ਜੰਗ ਦੇ ਪਹਿਲੇ ਪੜਾਅ ਵਿਚ ਸ਼ਾਹੀ ਫ਼ੌਜਾਂ ਦਾ ਪਲੜਾ ਭਾਰੀ ਰਿਹਾ। ਬਾਜ਼ੀ ਜਾਂਦੀ ਵੇਖ ਕੇ, ਨਿਰਲੱਗ ਬੈਠਾ ਬੰਦਾ ਸਿੰਘ ਬਹਾਦਰ, ਝੱਟ ਅਪਣੀ ਸੈਨਾ ਦੀਆਂ ਮੂਹਰਲੀਆਂ ਕਤਾਰਾਂ ਵਿਚ ਆ ਗਿਆ। ਪ੍ਰਸਿੱਧ ਇਤਿਹਾਸਕਾਰ ਸੋਹਣ ਸਿੰਘ ਅਨੁਸਾਰ- "ਤਦ ਬੰਦਾ ਬਹਾਦਰ ਉਠਿਆ, ਜਿਵੇਂ ਭੁੱਖਾ ਸ਼ੇਰ ਅਪਣੀ ਗੁਫ਼ਾ ਵਿਚੋਂ ਨਿਕਲਿਆ ਹੋਵੇ ਅਤੇ ਬਿਜਲੀ ਵਾਂਗ ਵੈਰੀ ਦੀ ਸੈਨਾ 'ਤੇ ਟੁੱਟ ਪਿਆ।" ਖ਼ੂਨ-ਡੋਲ੍ਹਵੀਂ ਲੜਾਈ ਵਿਚ ਸੂਬੇਦਾਰ ਵਜ਼ੀਰ ਖ਼ਾਂ ਮਾਰਿਆ ਗਿਆ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ "ਮਾਰ ਵਜ਼ੀਦੇ ਖ਼ਾਂ ਨੂੰ, ਧਰਤੋਂ ਭਾਰੀ ਖੰਡ ਉਤਾਰੀ।"- ਹਰਸਾ ਸਿੰਘ ਚਾਤਰ। ਗੱਲ ਕੀ, ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਧਰਤੀ ਤੋਂ ਜ਼ੁਲਮ ਅਤੇ ਜਬਰ ਨੂੰ ਜੜ੍ਹੋਂ ਪੁੱਟਣ ਲਈ ਚਪੜਚਿੜੀ ਦੇ ਮੈਦਾਨ ਵਿਚ ਉਸੇ ਕ੍ਰੋਧ ਨਾਲ ਖੰਡਾ ਖਿਚਿਆ ਜਿਸ ਕ੍ਰੋਧ ਨਾਲ ਭਾਰਤੀ ਮਿਥਿਹਾਸ ਅਨੁਸਾਰ ਪਰਸਰਾਮ ਨੇ ਕਸ਼ੱਤਰੀ ਰਾਜਿਆਂ-ਮਹਾਰਾਜਿਆਂ ਵਿਰੁਧ ਖੜਗ ਖਿੱਚੀ ਸੀ।

14 ਮਈ, 1710 ਨੂੰ ਸਿੱਖ, ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖ਼ਲ ਹੋਏ। ਸ਼ਾਹੀ ਅਮੀਰਾਂ ਨੂੰ ਲੁਟਿਆ ਗਿਆ ਅਤੇ ਦੋਸ਼ੀਆਂ ਦਾ ਅਜਿਹਾ ਹਾਲ ਕੀਤਾ ਕਿ ਜ਼ੁਲਮ ਕਰਨ ਵਾਲਿਆਂ ਪੀੜ੍ਹੀਆਂ ਨੂੰ ਸਦਾ ਯਾਦ ਰਹੇਗਾ। ਸਰਹਿੰਦ ਉਤੇ ਕਾਬਜ਼ ਹੋਣ ਉਪ੍ਰੰਤ ਬੰਦਾ ਸਿੰਘ ਬਹਾਦਰ ਨੇ ਅਪਣੇ ਇਕ ਪ੍ਰਮੁੱਖ ਜਰਨੈਲ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਭਾਈ ਆਲੀ ਸਿੰਘ ਨੂੰ ਉਸ ਦਾ ਡਿਪਟੀ ਥਾਪਿਆ। ਬੰਦਾ ਸਿੰਘ ਬਹਾਦਰ ਨੇ ਸਢੌਰਾ ਤੇ ਨਾਹਨ ਵਿਚਕਾਰ ਮੁਖ਼ਲਿਸਗੜ੍ਹ ਨੂੰ ਅਪਣੀ ਰਾਜਧਾਨੀ ਬਣਾਇਆ ਅਤੇ ਇਸ ਨੂੰ 'ਲੋਹਗੜ੍ਹ' ਦਾ ਨਾਂ ਦਿਤਾ। ਇਸੇ ਚੜ੍ਹਤ ਦੌਰਾਨ ਉਸ ਨੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਸਿੱਕਾ ਜਾਰੀ ਕਰ ਕੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿਤੀ।

ਇਸ ਤਰ੍ਹਾਂ ਬਾਬਾ ਬੰਦ ਸਿੰਘ ਬਹਾਦਰ ਨੇ ਸੱਤ ਸੌ ਸਾਲਾਂ ਤੋਂ ਪਏ ਗ਼ੁਲਾਮੀ ਦੇ ਜੂਲੇ ਨੂੰ ਪੰਜਾਬ ਦੇ ਗਲੋਂ ਲਾਹੁਣ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਇਤਿਹਾਸ ਕੁੱਝ ਸਮੇਂ ਲਈ ਸਿੱਖਾਂ ਦੇ ਹੱਥਾਂ ਵਿਚ 'ਪਾਲਤੂ' ਬਣ ਗਿਆ। ਇਸ ਤਵਾਰੀਖ਼ੀ ਸੱਚਾਈ 'ਤੇ ਅੱਲਾ ਯਾਰ ਖ਼ਾਂ ਜੋਗੀ ਅਪਣੀ ਮੋਹਰ ਇਉਂ ਲਗਾਉਂਦਾ ਹੈ: "ਜੋਗੀ ਜੀ ਕਹੋ ਪੰਥ ਸੇ, ਅਬ ਫ਼ਤਹਿ ਪੁਕਾਰੇ।"

ਇਹ ਸਰਹਿੰਦ ਦੀ ਜਿੱਤ ਦਾ ਹੀ ਸਿੱਟਾ ਸੀ ਕਿ ਇਕ 'ਬਚੂੰਗੜੀ' ਕੌਮ ਨੇ ਅਚਾਨਕ ਕੱਦ ਕਢਿਆ ਅਤੇ ਭਾਰਤ ਦੇ ਨਕਸ਼ੇ 'ਤੇ ਪਹਿਲੀ ਵਾਰ ਇਕ ਰਾਜਸੀ ਤਾਕਤ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਈ। ਇਸ ਤੋਂ ਬਾਅਦ ਸਿੱਖ ਮਿਸਲਾਂ, ਸਿੱਖ ਰਿਆਸਤ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਸਲਤਨਤ ਹੋਂਦ ਵਿਚ ਆਈ। ਬਿਨਾਂ ਸ਼ੱਕ, ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਸਿੱਖਾਂ ਦਾ ਸਰਹਿੰਦ 'ਤੇ ਕਬਜ਼ਾ, ਸਿੱਖ ਰਾਜ ਦੇ ਨੀਂਹ-ਪੱਥਰ ਦੀ ਹੈਸੀਅਤ ਰਖਦਾ ਹੈ।

# 2858, ਵਾਰਡ ਨੰ.: 9, ਸਰਹਿੰਦ।
ਮੋਬਾਈਲ : 92178-45812

ਸ.ਫ਼ਾ ਇਕ ਦੀ ਬਾਕੀ...

ਲੱਖ ਪਰਦੇਸੀਂ ਰਹੀਏ
ਅਮਰੀਕਾ ਦੀ ਰਹਿਣੀ ਸਹਿਣੀ

ਮੈਂ ਤਾਂ ਰੈਲੀਆਂ 'ਤੇ ਜਾਣ ਵਾਲਿਆਂ ਨੂੰ ਸਿਆਣੇ ਨਹੀਂ ਮੰਨਦਾ। ਅਮਰੀਕਾ ਵਿਚ ਚੋਣਾਂ ਸਮੇਂ ਇਹੋ ਜਹੀ ਫ਼ਜ਼ੂਲ ਖ਼ਰਚੀ ਕਦੇ ਨਹੀਂ ਵੇਖੀ। ਆਮ ਲੋਕ ਅਪਣੀ ਇਕ ਦਿਹਾੜੀ ਛੱਡਣ ਨੂੰ ਵੀ ਤਿਆਰ ਨਹੀਂ।

ਰਹਿਣੀ ਬਹਿਣੀ : ਰਹਿਣੀ ਬਹਿਣੀ ਤੋਂ ਭਾਵ ਲੋਕਾਂ ਦੇ ਰਹਿਣ ਸਹਿਣ, ਕਪੜੇ ਪਹਿਨਣ ਆਦਿ ਤੋਂ ਹੈ। ਭਾਰਤ ਵਿਚ ਬੈਂਕ ਦਾ ਕਲਰਕ ਪ੍ਰੈਸ ਕੀਤਾ ਸੂਟ ਅਤੇ ਟਾਈ ਲਾ ਕੇ ਜਾਂਦਾ ਹੈ। ਪਰ ਅਮਰੀਕਾ ਵਿਚ ਬੈਂਕ ਕਲਰਕ ਸਾਦੇ ਜਹੇ ਕਪੜਿਆਂ ਵਿਚ ਹੁੰਦਾ ਹੈ ਕਿਉਂਕਿ ਉਸ ਨੂੰ ਤਨਖ਼ਾਹ ਔਖਾ ਕੰਮ ਕਰਨ ਵਾਲੇ ਅਨਪੜ੍ਹ ਮਜ਼ਦੂਰ ਨਾਲੋਂ ਘੱਟ ਮਿਲਦੀ ਹੈ। ਜਿਨਾ ਕੰਮ ਔਖਾ ਓਨੀ ਵੱਧ ਤਨਖ਼ਾਹ ਇਹ ਹੈ ਅਮਰੀਕਾ ਦੀ ਰਹਿਣੀ ਬਹਿਣੀ। ਸੜਕ 'ਤੇ ਲੁੱਕ ਪਾਉਣ ਵਾਲਿਆਂ ਦੀ ਤਨਖ਼ਾਹ 25 ਡਾਲਰ ਘੰਟਾ ਤਕ ਹੈ ਜਦਕਿ ਬੈਂਕ ਕਲਰਕ ਦੀ 8 ਡਾਲਰ ਪ੍ਰਤੀ ਘੰਟਾ। ਹੈ ਨਾ ਕਿਰਤ ਦੀ ਕਦਰ ਜਿਸ ਦਾ ਕਮਿਊਨਿਸਟ ਢੰਢੋਰਾ ਪਿਟਦੇ ਹਨ? ਅਮਰੀਕਾ ਵਿਚ ਵੇਖੀਦਾ ਹੈ ਕਿ ਗਰਮੀਆਂ ਵਿਚ ਗ਼ਰੀਬ ਪਾਸ ਨਿੱਕਰ ਖ਼ਰੀਦਣ ਲਈ ਪੈਸੇ ਨਾ ਹੋਣ ਤਾਂ ਉਹ ਅਪਣੀ ਪੈਂਟ ਨੂੰ ਕੱਟ ਕੇ ਨਿੱਕਰ ਬਣਾ ਕੇ ਸਾਰ ਲੈਂਦਾ ਹੈ। ਕੋਈ ਉਸ ਨੂੰ ਟੋਕਦਾ ਜਾਂ ਮਖ਼ੌਲ ਨਹੀਂ ਕਰਦਾ। ਕਪੜੇ ਮਸ਼ੀਨ ਵਿਚ ਧੋ ਕੇ ਹੱਥ ਨਾਲ ਤਹਿਆਂ ਲਾ ਕੇ ਰੱਖ ਲੈਂਦੇ ਹਨ ਤੇ ਬਿਨਾਂ ਪ੍ਰੈਸ ਕੀਤਿਆਂ ਪਾ ਲੈਂਦੇ ਹਨ। ਸਾਡੇ ਦੇਸ਼ ਵਿਚ ਬਿਨਾਂ ਪ੍ਰੈਸ ਕੀਤਾ ਕਪੜਾ ਪਾ ਕੇ ਤੁਸੀ ਘਰੋਂ ਬਾਹਰ ਤਾਂ ਨਿਕਲੋ, ਤੁਹਾਡੇ ਯਾਰ ਬੇਲੀ ਹੀ ਤੁਹਾਡਾ ਮਖ਼ੌਲ ਉਡਾਉਣਗੇ। ਅਮਰੀਕਾ ਵਿਚ ਦੂਜੇ ਦੇ ਪਹਿਨੇ ਕਪੜਿਆਂ 'ਤੇ ਕੋਈ ਟਿੱਪਣੀ ਨਹੀਂ ਕਰਦਾ। ਹਾਂ ਤਾਰੀਫ਼ ਜ਼ਰੂਰ ਕਰ ਦਿੰਦੇ ਹਨ। ਅਮਰੀਕਾ ਵਿਚ ਔਰਤਾਂ ਮੇਕਅੱਪ ਵਲ ਬਹੁਤ ਧਿਆਨ ਦਿੰਦੀਆਂ ਹਨ।

ਹੁੰਦੀਆਂ ਹਨ। ਮਾਲਕ ਨਾਲ ਕੀਮਤ ਤੈਅ ਕਰ ਕੇ ਤੁਸੀ ਕਿਸੇ ਪੁਰਾਣੀ ਕਾਰ 'ਚੋਂ ਜਿਹੜਾ ਮਰਜ਼ੀ ਪੁਰਜ਼ਾ ਆਪੇ ਖੋਲ੍ਹ ਕੇ ਲਿਜਾ ਸਕਦੇ ਹੋ। ਸਾਡੇ ਮੁਲਕ ਵਿਚ ਸਾਡੇ ਬਜ਼ੁਰਗਾਂ ਨੇ ਸਾਨੂੰ ਇਸ ਕੰਮ ਤੋਂ ਕੋਰੇ ਰਖਿਆ। ਸਾਡੇ ਘਰਾਂ ਵਿਚ ਹਥੌੜਾ ਜਾਂ ਆਰੀ ਤਕ ਨਹੀਂ ਹੁੰਦੀ। ਹਲ ਚੁੱਕ ਕੇ ਤਰਖਾਣ ਦੇ ਅੱਡੇ 'ਤੇ ਲੈ ਜਾਣਾ, ਜੇ ਇਕ ਫਾਲ ਵੀ ਠੋਕਣੀ ਹੁੰਦੀ। ਲੁਹਾਰਾ ਕੰਮ ਲੁਹਾਰ ਤੋਂ ਕਰਾਉਣਾ। ਇਹ ਕੰਮ ਸੇਪੀ 'ਤੇ ਹੁੰਦੇ ਸਨ ਜਿਸ ਕਰ ਕੇ ਜ਼ਿਮੀਂਦਾਰਾਂ ਦੇ ਮੁੰਡੇ ਗੁੱਲੀ ਘੜਨੀ ਵੀ ਨਾ ਸਿਖ ਸਕੇ। ਅਮਰੀਕਾ ਵਿਚ ਸੇਪੀ ਸਿਸਟਮ ਸ਼ੁਰੂ ਹੀ ਨਾ ਹੋਇਆ। ਅਪਣਾ ਕੰਮ ਆਪ ਹੀ ਕਰਨਾ ਪੈਂਦਾ ਹੈ। ਕਿਸੇ ਦੇ ਘਰ ਕੋਈ ਸਫ਼ਾਈ ਵਾਲੀ ਨਹੀਂ ਆਉਂਦੀ। ਅਪਣਾ ਟਾਇਲਟ ਅਤੇ ਬਾਥਰੂਮ ਤੁਸੀ ਆਪ ਹੀ ਸਾਫ਼ ਕਰਨਾ ਹੁੰਦਾ ਹੈ।

ਪਹਿਲ ਕਦਮੀ : ਅਮਰੀਕਾ ਵਾਲਿਆਂ ਨੇ ਹੱਥੀਂ ਕੰਮ ਕਰਨ ਵਾਲਿਆਂ ਨੂੰ

ਆਪਾਂ ਜੇ ਕਾਰ ਕਿਰਾਏ 'ਤੇ ਲਈ ਹੈ ਤਾਂ ਸਹੀ ਸਲਾਮਤ ਵਾਪਸ ਵੀ ਕਰ ਦੇਈਏ। ਸਾਡਾ ਦਿਮਾਗ਼ ਤਾਂ ਪੁੱਠੇ ਪਾਸੇ ਤੇਜ਼ੀ ਨਾਲ ਚਲਦਾ ਹੈ ਕਿ ਚਲੋ ਕਾਰ ਦੇ ਨਵੇਂ ਟਾਇਰ ਲਾਹ ਕੇ, ਪੁਰਾਣੇ ਪਾ ਕੇ ਕਾਰ ਖੜੀ ਕਰ ਆਈਏ।

ਨਾਂਹ ਪੱਖੀ ਗੱਲਾਂ ਅਮਰੀਕਾ ਦੀਆਂ : ਅਮਰੀਕਾ ਦਾ ਆਪੇ ਹੀ ਅਪਣੇ ਆਪ ਨੂੰ ਸਾਰੀ ਦੁਨੀਆਂ ਦਾ ਸਰਦਾਰ ਸਮਝਣਾ, ਸਿਵਾਏ ਇਨ੍ਹਾਂ ਤੋਂ ਕਿਸੇ ਨੂੰ ਚੰਗਾ ਨਹੀਂ ਲਗਦਾ। ਸਾਡੇ ਪਿੰਡਾਂ ਵਿਚ ਕੋਈ ਵੱਡਾ ਸਰਦਾਰ ਜ਼ਰਾ ਆਕੜ ਵਿਖਾਵੇ ਤਾਂ ਉਸ ਦਾ ਗ਼ਰੀਬ ਸ਼ਰੀਕ ਵੀ ਆਖ ਦਿੰਦਾ ਹੈ, "ਵੱਡਾ ਹੋਵੇਂਗਾ ਤਾਂ ਅਪਣੇ ਘਰ ਹੋਵੀਂ ਜਾ, ਅਸੀ ਤੇਰੇ ਦਾਲ ਮੰਗਣ ਨਹੀਂ ਆਉਂਦੇ।" ਆਪ ਤਾਂ ਐਟਮ ਬੰਬ ਬਣਾ ਕੇ ਜਾਪਾਨ ਨੂੰ ਤਬਾਹ ਕੀਤਾ ਤੇ ਹੁਣ ਬਾਕੀਆਂ ਨੂੰ ਕਹਿੰਦੇ ਨੇ, 'ਤੁਸੀ ਨਾ ਬਣਾਉ।' ਕਿਹੜੇ ਮੂੰਹ ਨਾਲ ਕਹਿੰਦੇ ਨੇ? 'ਨੌ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ' ਵਾਲੀ ਗੱਲ ਹੈ।

ਸਾਰੀ ਦੁਨੀਆਂ ਦੇ ਵਾਤਾਵਰਣ ਵਿਚ ਪ੍ਰਦੂਸ਼ਣ ਫੈਲਾਉਣ ਦਾ ਅਮਰੀਕਾ ਸੱਭ ਤੋਂ ਵੱਡਾ ਦੋਸ਼ੀ ਹੈ। ਹਰ ਬਾਲਗ਼ ਕੋਲ ਕਾਰ ਹੈ। ਸਾਰੀਆਂ ਕਾਰਾਂ ਵਿਚ ਕੇਵਲ ਇਕ ਹੀ ਬੰਦਾ ਹੁੰਦਾ ਹੈ। ਬਸਾਂ ਅਤੇ ਰੇਲ ਗੱਡੀਆਂ ਵਿਚ ਕੋਈ ਘੱਟ ਹੀ ਸਫ਼ਰ ਕਰਦਾ ਹੈ। ਰਾਤ ਦਿਨ ਕਾਰਾਂ ਸੜਕਾਂ 'ਤੇ ਦੌੜਦੀਆਂ ਹਨ ਅਤੇ ਕਾਰਾਂ ਵਿਚੋਂ ਨਿਕਲਦਾ ਧੂੰਆਂ ਵਾਤਾਵਰਣ ਨੂੰ ਪ੍ਰਦੂਸ਼ਤ ਕਰਦਾ ਹੈ।

ਅਮਰੀਕਾ ਦੇ ਡਾਕਟਰ ਅਤੇ ਵਕੀਲ ਦੁਨੀਆਂ ਭਰ ਵਿਚ ਸੱਭ ਤੋਂ ਅਮੀਰ ਹਨ। ਦੋਹਾਂ ਵਿਚ ਲੁਕਾਈ ਦੀ ਸੇਵਾ ਦਾ ਜਜ਼ਬਾ ਛਿਣ ਮਾਤਰ ਵੀ ਨਹੀਂ। ਕੇਵਲ ਪੈਸਾ ਕਮਾਉਣਾ ਇਨ੍ਹਾਂ ਦਾ ਉਦੇਸ਼ ਹੈ। ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦਵਾਈ ਦੀ ਕੁਲ ਲਾਗਤ ਨਾਲੋਂ ਹਜ਼ਾਰ ਗੁਣਾਂ ਵੱਧ ਕੀਮਤ ਵਸੂਲਦੀਆਂ ਹਨ। ਬਹੁਤੀਆਂ ਕੰਪਨੀਆਂ ਯਹੂਦੀਆਂ ਦੀਆਂ ਹਨ ਅਤੇ ਡਾਕਟਰ ਅਤੇ ਵਕੀਲ ਵੀ ਬਹੁਤੇ ਯਹੂਦੀ ਹਨ। ਇਨ੍ਹਾਂ ਅਮੀਰਾਂ ਦੇ ਹੱਥ ਹੀ ਅਮਰੀਕਾ ਦੀ ਵਾਗਡੋਰ ਹੈ। ਸਵਰਗ-ਨਰਕ ਭਾਰਤ ਦੇ ਪ੍ਰਾਚੀਨ ਗ੍ਰੰਥਾਂ ਵਿਚ ਲਿਖਿਆ ਮਿਲਦਾ ਹੈ ਕਿ ਇਸ ਜਹਾਨ ਵਿਚ ਕੀਤੇ ਕਰਮਾਂ ਅਨੁਸਾਰ ਬੰਦੇ ਨੂੰ ਧਰਮ ਰਾਜ ਵਲੋਂ ਸਵਰਗ ਜਾਂ ਨਰਕ ਵਿਚ ਭੇਜਿਆ ਜਾਂਦਾ ਹੈ। ਮੁਸਲਮਾਨ ਧਰਮ ਅਨੁਸਾਰ ਚੰਗੇ ਮੁਸਲਮਾਨਾਂ ਨੂੰ ਜੰਨਤ ਨਸੀਬ ਹੁੰਦੀ ਹੈ ਜਿਥੇ ਹੂਰਾਂ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਹੋਣਗੀਆਂ। ਮਿਰਜ਼ਾ ਗ਼ਾਲਿਬ ਨੂੰ ਗਿਆਨ ਸੀ ਕਿ ਇਸ ਜਨਮ ਤੋਂ ਬਾਅਦ ਬੰਦੇ ਨਾਲ ਕੀ ਹੁੰਦਾ ਹੈ ਇਹ ਸੱਭ ਖ਼ਾਬ-ਖ਼ਿਆਲੀ ਹੈ ਤਾਂ ਉਸ ਨੇ ਲਿਖਿਆ:

ਹਮ ਕੋ ਮਾਲੂਮ ਹੈ ਜੰਨਤ ਕੀ ਹਕੀਕਤ ਲੇਕਿਨ।
ਦਿਲ ਕੋ ਖ਼ੁਸ਼ ਕਰਨੇ ਕੋ ਗ਼ਾਲਿਬ ਯਹਿ ਖ਼ਿਆਲ ਅੱਛਾ ਹੈ।

ਅਸਲ ਵਿਚ ਬੰਦਾ ਅਪਣੇ ਕੀਤੇ ਦਾ ਫੱਲ ਇਸੇ ਹੀ ਜਨਮ ਵਿਚ ਪਾ ਲੈਂਦਾ ਹੈ। ਪਰ ਇਹ ਵੀ ਸੋਚ ਨਹੀਂ ਲਗਦਾ। ਜੇਕਰ ਬੰਦਾ ਅਮਰੀਕਾ ਤੋਂ ਗਰਮੀਆਂ ਵਿਚ ਪੰਜਾਬ ਚਲਾ ਜਾਵੇ ਤੇ ਬਿਜਲੀ ਬੰਦ ਹੋ ਜਾਵੇ, ਗਰਮੀ ਨਾਲ ਬੁਰਾ ਹਾਲ ਤੇ ਨਾਲ ਮੱਛਰ ਲੜਨ ਤਾਂ ਉਹ ਸੋਚਦਾ ਹੈ ਕਿ ਉਸ ਨੇ ਕੁੱਝ ਮਾੜੇ ਕਰਮ ਕੀਤੇ ਹੋਣੇ ਹਨ ਜੋ ਉਸ ਨੂੰ ਇਹ ਨਰਕ ਭੋਗਣਾ ਪਿਆ। ਕਿਸੇ ਅਮਰੀਕਾ ਤੋਂ ਗਏ ਨੂੰ ਪੰਜਾਬ ਪੁਲਿਸ ਨਾਲ ਵਾਹ ਪੈ ਜਾਵੇ ਤਾਂ ਵੀ ਉਹ ਸਵਰਗ ਅਤੇ ਨਰਕ ਨੂੰ ਇਸੇ ਧਰਤੀ 'ਤੇ ਵੇਖ ਲੈਂਦਾ ਹੈ। ਫਿਰ ਵੀ ਵਤਨ ਦੀ ਮਿੱਟੀ ਦੀ ਖ਼ੁਸ਼ਬੂ ਮੇਰੇ ਵਰਗਿਆਂ ਨੂੰ ਭੁਲਦੀ ਨਹੀਂ ਤੇ ਉਹ ਇਨ੍ਹਾਂ ਔਖਿਆਈਆਂ ਨੂੰ ਨਰਕ ਨਹੀਂ ਸਮਝਦੇ ਜਿਸ ਨੂੰ ਫ਼ੈਜ਼ ਅਹਿਮਦ ਫ਼ੈਜ਼ ਨੇ ਲਿਖਿਆ ਹੈ:

ਚਾਹਾ ਹੈ ਇਸੀ ਰੰਗ ਮੇ ਲੈਲਾ-ਏ-ਵਤਨ ਕੋ,